## ਸ਼੍ਰੇਣੀ ਅੱਠਵੀਂ

## 3. ਪੰਜਾਬੀ (ਦੂਜੀ ਭਾਸ਼ਾ)

ਸਮਾਂ: 3 ਘੰਟੇ

ਲਿਖਤੀ: 90 ਅੰਕ
ਸੀ.ਸੀ.ਈ: 10 ਅੰਕ

ਕੁੱਲ: 100 ਅੰਕ

### ਪ੍ਰਸ਼ਨ ਪੱਤਰ ਦੀ ਰੂਪ-ਰੇਖਾ

| | | | |
|---|---|---|---|
| ਪ੍ਰਸ਼ਨ 1 | ਪਾਠ ਪੁਸਤਕ ਵਿੱਚੋਂ ਇੱਕ ਪੈਰ੍ਹਾ ਦੇ ਕੇ ਉਸ ਵਿੱਚੋਂ 9 ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 9 ਅੰਕ ਹੋਣਗੇ। | 9×1 | 9 |
| ਪ੍ਰਸ਼ਨ 2 | ਪ੍ਰਸ਼ਨ ਦੇ ਦੋ ਭਾਗ ਹੋਣਗੇ ਪਹਿਲੇ ਵਿੱਚ ਪਾਠ ਪੁਸਤਕ ਵਿੱਚੋਂ ਕੋਈ ਦੋ ਕਾਵਿ ਟੁਕੜੀਆਂ ਦੇ ਕੇ ਉਸ ਵਿੱਚੋਂ ਕਿਸੇ ਇੱਕ ਦੇ ਭਾਵ ਅਰਥ ਲਿਖਣ ਲਈ ਕਿਹਾ ਜਾਵੇਗਾ ਜਿਸ ਦੇ 3 ਅੰਕ ਹੋਣਗੇ ਅਤੇ ਦੂਸਰੇ ਭਾਗ ਵਿੱਚ ਸੰਬੰਧਿਤ ਟੁਕੜੀਆਂ ਵਿੱਚੋ 2-2 ਅੰਕਾਂ ਦੇ ਚਾਰ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ 'ਚੋਂ ਤਿੰਨਾਂ ਦੇ ਉੱਤਰ ਦੇਣੇ ਲਾਜ਼ਮੀ ਹੋਣਗੇ। | 3+6 | 9 |
| ਪ੍ਰਸ਼ਨ 3 | ਪਾਠ ਪੁਸਤਕ ਵਿਚਲੇ ਪਾਠਾਂ ਵਿੱਚੋਂ 9 ਪ੍ਰਸ਼ਨ ਪੁੱਛੇ ਜਾਣਗੇ ਅਤੇ ਪ੍ਰੀਖਿਆਰਥੀ ਵਲੋਂ ਉਹਨਾਂ ਵਿੱਚੋਂ ਕੋਈ ਵੀ 7 ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ ਅਤੇ ਹਰੇਕ ਸਹੀ ਉੱਤਰ ਦੇ 2 ਅੰਕ ਹੋਣਗੇ। | 7×2 | 14 |
| ਪ੍ਰਸ਼ਨ 4 | ਪਾਠ ਪੁਸਤਕ ਵਿਚਲੇ ਪਾਠਾਂ 'ਤੇ ਅਧਾਰਿਤ ਪੰਜ ਖਾਲੀ-ਥਾਵਾਂ ਦੇ ਕੇ, ਵਿਕਲਪ ਵੀ ਦਿੱਤੇ ਜਾਣਗੇ ਅਤੇ ਪ੍ਰੀਖਿਆਰਥੀ ਵਲੋਂ ਉਹਨਾਂ ਵਿੱਚੋਂ ਉਚਿਤ ਵਿਕਲਪ ਨੂੰ ਚੁਣ ਕੇ ਸਹੀ ਸਥਾਨ ਉੱਤੇ ਭਰਨੇ ਹੋਣਗੇ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 5×1 | 5 |
| ਪ੍ਰਸ਼ਨ 5 | ਪਾਠ ਪੁਸਤਕ ਵਿੱਚੋ ਵਿਆਕਰਨ ਦੇ ਪੱਖ ਤੋਂ ਚਾਰ ਵਾਕ ਦਿੱਤੇ ਜਾਣਗੇ ਅਤੇ ਹਰੇਕ ਵਾਕ ਵਿੱਚੋਂ ਕ੍ਰਮਵਾਰ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਨੂੰ ਪਛਾਣ ਕੇ ਲਿਖਣ ਲਈ ਕਿਹਾ ਜਾਵੇਗਾ ਅਤੇ ਹਰੇਕ ਸਹੀ ਉੱਤਰ ਦਾ 1 ਅੰਕ ਹੋਵੇਗਾ। | 4×1 | 4 |
| ਪ੍ਰਸ਼ਨ 6 | ਇਸ ਪ੍ਰਸ਼ਨ ਕੁੱਲ 20 ਅੰਕਾਂ ਦਾ ਹੋਵੇਗਾ ਅਤੇ ਇਸ ਦੇ ਘੱਟੋ-ਘੱਟ 4 ਉਪ ਭਾਗ (5 ਅੰਕ ਹਰੇਕ) ਹੋਣਗੇ; ਇਹ ਉਪ ਭਾਗ ਪਾਠ ਪੁਸਤਕ ਵਿੱਚੋਂ ਹੀ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਹੋ ਸਕਦੇ ਹਨ ਜਿਵੇਂ- ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਸ਼ਬਦਾਂ ਦਾ ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਅਨੁਵਾਦ, ਸ਼ਬਦਾਂ/ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋਂ, ਮਿਲਾਨ ਕਰੋ, ਲਿੰਗ ਬਦਲੋ ਅਤੇ ਵਚਨ ਬਦਲੋ ਆਦਿ। | 4×5 | 20 |
| ਪ੍ਰਸ਼ਨ 7 | ਵੱਖ-ਵੱਖ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ ਰਚਨਾ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। | 10×1 | 10 |
| ਪ੍ਰਸ਼ਨ 8 | ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ 'ਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। | 8×1 | 8 |
| ਪ੍ਰਸ਼ਨ 9 | ਇਹ ਪ੍ਰਸ਼ਨ ਕਿਰਿਆ ਅਧਾਰਿਤ ਹੋਵੇਗਾ ਅਤੇ ਕੁੱਝ ਸ਼ਬਦ ਦੇ ਕੇ ਉਹਨਾਂ ਵਿੱਚੋਂ ਸ਼ੁੱਧ, ਸਹੀ, ਅਤੇ ਸਾਰਥਕ ਸ਼ਬਦਾਂ ਨੂੰ ਪਛਾਣ ਕੇ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। | 8 | 8 |
| ਪ੍ਰਸ਼ਨ 10 | ਨਾਂਵ / ਪੜਨਾਂਵ / ਕਿਰਿਆ / ਵਿਸ਼ੇਸ਼ਣ ਵਿੱਚੋਂ ਕਿਸੇ ਦੋ ਦੀ ਪਰਿਭਾਸ਼ਾ ਪੁੱਛ ਕੇ 1 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 3 ਅੰਕ ਹੋਣਗੇ। | 3 | 3 |
| | | | 90 |

### ਉਦੇਸ਼

1. **ਪੜ੍ਹਾਈ**

   (1) ਵਿਦਿਆਰਥੀ ਪੜ੍ਹਨ-ਸਮਗਰੀ ਨੂੰ ਬੋਲ ਕੇ ਅਤੇ ਚੁੱਪ-ਚਾਪ ਪੜ੍ਹ ਸਕੇ।

   (2) ਉਹ ਵਿਸਰਾਮ ਚਿੰਨ੍ਹਾਂ ਅਨੁਸਾਰ ਅਤੇ ਸਹੀ ਉਚਾਰਨ ਨਾਲ਼ ਪੜ੍ਹ ਸਕੇ।

   (3) ਉਹ ਛਪੀ ਸਮਗਰੀ ਤੋਂ ਇਲਾਵਾ ਹੱਥ-ਲਿਖਤ ਵੀ ਪੜ੍ਹ ਸਕੇ।

   (4) ਉਹ ਹਿੰਦੀ ਤੇ ਪੰਜਾਬੀ ਦੀਆਂ ਧੁਨੀਆਂ ਵਿੱਚ ਨਿਖੇੜਾ ਕਰ ਸਕੇ।

(5) ਉਹ ਲੋੜ ਪੈਣ 'ਤੇ ਪਾਠ-ਪੁਸਤਕ ਤੋਂ ਬਿਨਾਂ ਕਿਸੇ ਹੋਰ ਲਿਖਤ ਅਰਥਾਤ ਕਵਿਤਾ, ਕਹਾਣੀ, ਵਾਰਤਾ, ਸੂਚਨਾ ਆਦਿ ਨੂੰ ਠਰ੍ਹੰਮੇ ਤੇ ਵਹਾਅ ਨਾਲ਼ ਪੜ੍ਹ ਕੇ ਸੁਣਾ ਸਕੇ।

2 **(ੳ) ਗ੍ਰਹਿਣ ਕਰਨਾ (ਪੜ੍ਹ ਕੇ)**

(1) ਵਿਦਿਆਰਥੀ ਪਾਠ-ਪੁਸਤਕਾਂ ਵਿੱਚੋਂ ਕਿਸੇ ਪਾਠ ਨੂੰ ਪੜ੍ਹ ਕੇ ਉਸ ਦਾ ਸਾਰ ਦੱਸ ਸਕੇ।

(2) ਉਹ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਗਏ ਸਵਾਲਾਂ ਦਾ ਉੱਤਰ ਦੱਸ ਸਕੇ।

**(ਅ) ਗ੍ਰਹਿਣ ਕਰਨਾ (ਸੁਣ ਕੇ)**

(1) ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਸੁਣ ਕੇ ਸਮਝ ਕੇ।

(2) ਉਹ ਬੋਲਣ ਵਾਲ਼ੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ ਆਦਿ ਨੂੰ ਸਮਝ ਅਤੇ ਸਲਾਹ ਸਕੇ।

(3) ਉਹ ਕਹਾਣੀਆਂ, ਚੁਟਕਲੇ, ਕਵਿਤਾਵਾਂ ਅਤੇ ਗੀਤਾਂ ਆਦਿ ਨੂੰ ਸੁਣ ਕੇ ਸਲਾਹ ਸਕੇ।

3 **ਪ੍ਰਗਟਾਅ (ੳ) ਮੌਖਿਕ ਪ੍ਰਗਟਾਅ**

(1) ਵਿਦਿਆਰਥੀ ਆਪਣੇ ਵਿਚਾਰਾਂ ਨੂੰ ਸਰਲਤਾ ਅਤੇ ਰਵਾਨੀ ਨਾਲ਼ ਪ੍ਰਗਟ ਕਰ ਸਕੇ।

(2) ਉਹ ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਨਾਲ਼ ਗੱਲ-ਬਾਤ ਕਰ ਸਕੇ।

(3) ਉਹ ਕਿਸੇ ਜਾਣੀ-ਪਛਾਣੀ ਵਸਤੂ, ਥਾਂ ਜਾਂ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਸਕੇ।

**(ਅ) ਲਿਖਤੀ ਪ੍ਰਗਟਾਅ**

(1) ਵਿਦਿਆਰਥੀ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਸੋਹਣਾ ਕਰਕੇ ਲਿਖ ਸਕੇ।

(2) ਉਹ ਗੁਰਮੁਖੀ ਦੇ ਸ਼ਬਦ-ਜੋੜਾਂ ਨੂੰ ਦੇਵਨਾਗਰੀ ਦੇ ਸ਼ਬਦ-ਜੋੜਾਂ ਤੋਂ ਨਿਖੇੜ ਕੇ ਲਿਖ ਸਕੇ।

(3) ਉਹ ਪਾਠ-ਪੁਸਤਕ ਵਿੱਚੋਂ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਲਿਖ ਸਕੇ।

(4) ਉਹ ਆਪਣੇ ਆਲ਼ੇ-ਦੁਆਲ਼ੇ ਦੀਆਂ ਲੋੜਾਂ ਅਨੁਸਾਰ ਰੋਜ਼ਾਨਾ ਡਾਇਰੀ, ਸੂਚਨਾ ਆਦਿ ਨੂੰ ਲਿਖ ਸਕੇ।

(5) ਉਹ ਨਿੱਤ ਦੇ ਜੀਵਨ ਦੀ ਲੋੜ ਅਨੁਸਾਰ ਰੋਜ਼ਾਨਾ ਡਾਇਰੀ, ਸੂਚਨਾ ਆਦਿ ਨੂੰ ਲਿਖ ਸਕੇ।

(6) ਆਪਣੀ ਕਿਸੇ ਸਹੇਲੀ/ਮਿੱਤਰ ਤੇ ਸਾਕ ਸੰਬੰਧੀ ਨੂੰ ਚਿੱਠੀ ਆਦਿ ਲਿਖ ਸਕੇ।

ਮਿਡਲ ਸ਼੍ਰੇਣੀ ਵਿੱਚ ਪੰਜਾਬੀ (ਦੂਜੀ ਭਾਸ਼ਾ) ਦੀ ਲਿਖਣ ਸਮਗਰੀ ਵਿਸ਼ਾ-ਵਸਤੂ ਦੇ ਰੂਪ ਹੇਠ ਲਿਖੇ ਹੋਣਗੇ:
ਲੇਖ, ਚਿੱਠੀ/ਬਿਨੈ-ਪੱਤਰ, ਕਹਾਣੀ, ਕਵਿਤਾ, ਸਫ਼ਰ, ਘਟਨਾ ਜਾਂ ਦ੍ਰਿਸ਼-ਵਰਨਣ, ਪ੍ਰਸ਼ਨਾਂ ਦੇ ਉੱਤਰ, ਰੋਜ਼ਾਨਾ ਡਾਇਰੀ ਆਦਿ।

## ਪਾਠ-ਕ੍ਰਮ

1. **ਨਿਬੰਧ**

ਨਿਬੰਧ ਲਿਖਣ ਲਈ ਵਿਸ਼ੇ ਇਸੇ ਪ੍ਰਕਾਰ ਹੋਣਗੇ:

(ੳ) ਮੇਰਾ ਪਿੰਡ, ਮੇਰਾ ਸ਼ਹਿਰ ਜਾਂ ਕੋਈ ਸਥਾਨ।

(ਅ) ਮਹਾਂਪੁਰਸ਼ਾਂ ਦੀਆਂ ਜੀਵਨੀਆਂ।

(ੲ) ਅੱਖੀਂ ਡਿੱਠਾ ਮੈਚ/ਮੇਲਾ, ਸਕੂਲ ਦਾ ਸਲਾਨਾ ਸਮਾਗਮ, ਬੱਸ ਅੱਡਾ/ਰੇਲਵੇ ਸਟੇਸ਼ਨ ਦਾ ਦ੍ਰਿਸ਼।

(ਸ) ਰੁੱਤਾਂ, ਤਿਉਹਾਰ।

(ਹ) ਸੰਚਾਰ/ਮਨੋਰੰਜਨ ਦੇ ਸਾਧਨ ਜਿਵੇਂ ਰੇਡੀਓ, ਟੈਲੀਵੀਜ਼ਨ, ਸਿਨੇਮਾ।

(ਕ) ਅਜੋਕੀਆਂ ਸਮੱਸਿਆਵਾਂ ਜਿਵੇਂ ਸੜਕ ਦੁਰਘਟਨਾ, ਪ੍ਰਦੂਸ਼ਣ, ਵਧਦੀ ਵਸੋਂ।

2. **ਬਿਨੈ-ਪੱਤਰ/ਪੱਤਰ**

**ਬਿਨੈ-ਪੱਤਰ:** ਮੁੱਖ ਅਧਿਆਪਕ ਨੂੰ ਛੁੱਟੀ, ਜੁਰਮਾਨਾ ਮਾਫ਼ੀ ਜਾਂ ਕਿਸੇ ਵਿਸ਼ੇਸ਼ ਕੰਮ ਲਈ ਆਗਿਆ ਲੈਣ ਬਾਰੇ, ਸਥਾਨਕ ਅਧਿਕਾਰੀਆਂ ਜਿਵੇਂ ਮਿਉਂਸਪਲ ਕਮੇਟੀ/ਕਾਰਪੋਰੇਸ਼ਨ ਦੇ ਮੁਖੀ, ਸਿਹਤ ਅਧਿਕਾਰੀ, ਪੋਸਟ ਮਾਸਟਰ ਆਦਿ ਨੂੰ ਆਪਣੀਆਂ ਨਿੱਜੀ, ਆਪਣੇ ਗਲ਼ੀ ਮੁਹੱਲੇ, ਸ਼ਹਿਰ ਦੀਆਂ ਸਾਂਝੀਆਂ ਸਮੱਸਿਆਵਾਂ ਬਾਰੇ ਬਿਨੈ-ਪੱਤਰ ਲਿਖਣਾ।

**ਪੱਤਰ :** ਪਰਿਵਾਰਿਕ/ਸਮਾਜਿਕ ਅਤੇ ਸਕੂਲ ਜੀਵਨ ਦੀਆਂ ਵੱਖ-ਵੱਖ ਸਥਿਤੀਆਂ ਬਾਰੇ ਚਿੱਠੀਆਂ ਲਿਖਣਾ। ਚਿੱਠੀਆਂ ਵਿੱਚ ਪੇਸ਼ਕਾਰੀ, ਸੂਚਨਾ ਦੇਣ ਜਾਂ ਸਥਿਤੀ ਵਰਨਣ ਵਾਲ਼ੀ ਹੀ ਹੋਵੇਗੀ।

3. ਪਾਠ-ਪੁਸਤਕ ਦੇ ਪਾਠਾਂ 'ਤੇ ਆਧਾਰਿਤ ਅਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਦੇ ਉੱਤਰ ਲਿਖਣੇ।

4. ਪਾਠਾਂ ਵਿੱਚ ਆਏ ਸ਼ਬਦਾਂ, ਮੁਹਾਵਰਿਆਂ ਅਤੇ ਅਖਾਉਤਾਂ ਨੂੰ ਵਾਕਾਂ ਵਿੱਚ ਵਰਤਣਾ।
5. ਹਿੰਦੀ ਦੇ ਸ਼ਬਦਾਂ-ਜੋੜਾਂ ਦੀ ਥਾਂ ਪੰਜਾਬੀ ਦੇ ਸ਼ਬਦ-ਜੋੜ ਲਿਖਣੇ ਅਤੇ ਹਿੰਦੀ ਦੇ ਸ਼ਬਦਾਂ ਦੀ ਥਾਂ ਉਹਨਾਂ ਦੇ ਮਾਨਾਰਥਕ ਪੰਜਾਬੀ ਦੇ ਸ਼ਬਦ ਲਿਖਣੇ।

**ਪਾਠ-ਪੁਸਤਕ : ਪੰਜਾਬੀ ਪਾਠ-ਪੁਸਤਕ-8 (ਦੂਜੀ ਭਾਸ਼ਾ)**

**ਪੰਜਾਬੀ ਵਿਆਕਰਨ ਤੇ ਲੇਖ ਰਚਨਾ (ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**